# ਮਹਾਰਾਣੀ ਜਿੰਦ ਕੌਰ

**ਜਨਮ ਅਤੇ ਜੀਵਨ:** ਮਹਾਰਾਣੀ ਜਿੰਦ ਕੌਰ ਦਾ ਜਨਮ ਚਾੜ੍ਹ, ਤਹਿਸੀਲ ਜਫ਼ਰਵਾਲ ਜ਼ਿਲ੍ਹਾ ਸਿਆਲਕੋਟ ਵਿਖੇ ਸ. ਮੰਨਾ ਸਿੰਘ ਔਲਖ ਜਿਮੀਦਾਰ ਪਰਵਾਰ ਵਿੱਚ 1817 ਨੂੰ ਹੋਇਆ। ਮਹਾਰਾਣੀ ਜਿੰਦ ਕੌਰ ਦਾ ਵਿਆਹ ਮਹਾਰਾਜਾ ਰਣਜੀਤ ਸਿੰਘ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀਆਂ ਹੋਰ ਵੀ ਰਾਣੀਆਂ ਸਨ ਪਰ ਮਹਾਰਾਣੀ ਦਾ ਖਿਤਾਬ ਸਿਰਫ਼ ਜਿੰਦ ਕੌਰ ਨੂੰ ਹੀ ਮਿਲਿਆ ਕਿਉਂਕਿ ਜਿੰਦ ਕੌਰ ਸਿਆਣੀ, ਤੀਖਣ ਬੁੱਧੀ ਦੀ ਮਾਲਕ, ਦਲੇਰ ਤੇ ਸਿੱਖ ਰਾਜ ਦੀ ਅਖੀਰ ਤੱਕ ਲੜਾਈ ਲੜਨ ਵਾਲੀ ਔਰਤ ਸੀ। ਇਹ ਮਹਾਰਾਜੇ ਦੀ ਸਭ ਤੋਂ ਛੋਟੀ ਰਾਣੀ ਸੀ।

**ਪਰਿਵਾਰ:** ਮਹਾਰਾਣੀ ਜਿੰਦ ਕੌਰ ਨੇ ੪ ਸਤੰਬਰ 1838 ਵਿੱਚ ਪੁੱਤਰ ਦਲੀਪ ਸਿੰਘ ਨੂੰ ਜਨਮ ਦਿਤਾ ਦਲੀਪ ਸਿੰਘ ੯ ਮਹੀਨੇ ੨੪ ਦਿਨ ਦਾ ਸੀ ਜਦ ਪਿਤਾ ਮਹਾਰਾਜਾ ਰਣਜੀਤ ਸਿੰਘ ਦਾ ੨੭ ਜੂਨ 1839 ਨੂੰ ਦੇਹਾਂਤ ਹੋ ਗਿਆ। ਮਹਾਰਾਣੀ ਜਿੰਦਾਂ

ਦਿਮਾਗ ਤੋਂ ਢਾਈ ਸਾਲ ਬਾਅਦ ਹੀ ਵਿਚਰਦਾ ਹੋ ਗਈ ਸੀ । ਮਹਾਰਾਜਾ ਰਣਜੀਤ ਸਿੰਘ ਦਾ ਪੁੱਤਰ ਮਹਾਰਾਜਾ ਸ਼ੇਰ ਸਿੰਘ ਜੋ ਤਖ਼ਤ ਉੱਤੇ ਬੈਠਾ ਸੀ ਅਤੇ ਉਸ ਦਾ ਅੱਠ ਸਾਲ ਦਾ ਪੁੱਤਰ ਟਿੱਕਾ ਪ੍ਰਤਾਪ ਸਿੰਘ ਨੂੰ ਲਹਿਣਾ ਸਿੰਘ ਤੇ ਉਸ ਭਤੀਜੇ ਅਜੀਤ ਸਿੰਘ ਨੇ ਗੋਲੀ ਮਾਰ ਦਿੱਤਾ । ਇਸ ਤੋਂ ਬਾਅਦ ਧਿਆਨ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਤਾਂ ਕਿ ਧਿਆਨ ਸਿੰਘ ਨਵੇਂ ਮਹਾਰਾਜਾ ਦਾ ਵਜ਼ੀਰ ਨਾ ਬਣ ਜਾਵੇ । ਲਹਿਣਾ ਸਿੰਘ ਨੇ ਮਹਾਰਾਣੀ ਜਿੰਦ ਕੌਰ ਦੇ ਬੇਟੇ ਦਲੀਪ ਸਿੰਘ ਨੂੰ ਲਿਆ ਕੇ 16 ਸਤੰਬਰ 1843 ਨੂੰ ਤਖ਼ਤ ਤੇ ਬਿਠਾ ਦਿੱਤਾ । ਉਸ ਸਮੇਂ ਦਲੀਪ ਸਿੰਘ ਦੀ ਉਮਰ ਪੰਜ ਸਾਲ ਗਿਆਰਾਂ ਦਿਨ ਦੀ ਸੀ ।

## ਵਿਰਾਸਤ :

ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਤੋਂ ਬਾਅਦ ਉਸਨਾ ਦੇ ਪੁੱਤਰ ਦਲੀਪ ਸਿੰਘ ਨੂੰ ਤਖ਼ਤ ਤੇ ਬਿਠਾ ਦਿੱਤਾ ਗਿਆ । ਲਹਿਣਾ ਸਿੰਘ ਨੇ ਧਿਆਨ ਸਿੰਘ ਡੋਗਰੇ ਦੇ ਖ਼ੂਨ ਨਾਲ ਲਥੇੜ ਕੇ ਦਲੀਪ ਸਿੰਘ ਦੇ ਮੱਥੇ ਉੱਤੇ ਟਿੱਕਾ ਲਗਾ ਕੇ ਮਹਾਰਾਜਾ ਹੋਣ ਦੀ ਰਸਮ ਨਿਭਾ ਦਿੱਤੀ । ਮਹਾਰਾਣੀ ਜਿੰਦਾਂ ਨੂੰ ਸਰਪ੍ਰਸਤ ਲਗਾ ਦਿੱਤਾ ਲਹਿਣਾ ਸਿੰਘ ਆਪ ਵਜ਼ੀਰ ਬਣ ਗਿਆ । ਨਾਬਾਲਗ ਬੱਚੇ ਦੇ ਮੱਥੇ ਤੇ ਖ਼ੂਨ ਦਾ ਟਿੱਕਾ ਵੇਖ ਕੇ ਮਹਾਰਾਣੀ ਜਿੰਦ ਕੌਰ ਚਿੰਤਤ ਹੋ ਗਈ । ਇਹ ਸਭ ਕੁਝ

ਇਸ ਤੋਂ ਬਾਅਦ ਧਿਆਨ ਸਿੰਘ ਡੋਗਰੇ ਦਾ ਪੁੱਤਰ ਹੀਰਾ ਸਿੰਘ ਗੁੱਸੇ ਵਿੱਚ ਆ ਕੇ ਲਾਹੌਰ ਦਰਬਾਰ ਉੱਪਰ ਫ਼ੌਜ ਚਾੜ੍ਹ ਲਿਆਇਆ। ਫ਼ੌਜ ਨੇ ਲਹਿਣਾ ਸਿੰਘ ਤੇ ਉਸ ਦੇ ਭਤੀਜੇ ਅਜੀਤ ਸਿੰਘ ਨੂੰ ਮਾਰ ਦਿੱਤਾ।

**ਸਿਆਸੀ ਜੀਵਨ:-** ਮਹਾਰਾਣੀ ਜਿੰਦ ਕੌਰ ਨੇ ਆਪਣੇ ਜੀਵਨ ਵਿੱਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕੀਤਾ। ਹੀਰਾ ਸਿੰਘ ਡੋਗਰਾ ਮਹਾਰਾਣੀ ਨਾਲ ਖਾਰ ਖਾਂਦਾ ਸੀ। ਉਹ ਮਹਾਰਾਣੀ ਨੂੰ ਜ਼ਹਿਰ ਦੇ ਕੇ ਮਾਰਨ ਲੱਗਾ ਸੀ। ਜਦ ਸਾਜ਼ਿਸ਼ ਦਾ ਪਤਾ ਲੱਗਾ ਤਾਂ ਆਪਣੇ ਸਾਥੀਆਂ ਸਮੇਤ ਜੰਮੂ ਨੂੰ ਭੱਜ ਗਿਆ ਜਿਸ ਨੂੰ ਰਸਤੇ ਵਿੱਚ ਫੜ ਕੇ 21 ਦਸੰਬਰ 1844 ਨੂੰ ਮਾਰ ਦਿੱਤਾ ਗਿਆ। ਫਿਰ ਮਹਾਰਾਣੀ ਜਿੰਦ ਕੌਰ ਨੇ ਆਪਣੇ ਭਰਾ ਜਵਾਹਰ ਸਿੰਘ ਨੂੰ ਵਜ਼ੀਰ ਬਣਾ ਦਿੱਤਾ। 10 ਫਰਵਰੀ 1846 ਨੂੰ ਸਭਰਾਵਾਂ ਵਿੱਚ ਹੋਈ ਸਿੱਖਾਂ ਤੇ ਅੰਗਰੇਜ਼ਾਂ ਦੀ ਆਖਰੀ ਜੰਗ ਸੀ। ਇਸ ਜੰਗ ਵਿੱਚ ਡੋਗਰਿਆਂ ਦੀਆਂ ਬਦਨੀਤ ਚਾਲਾਂ ਕਰ ਕੇ ਸਿੱਖ ਹਾਰ ਗਏ। ਇਸ ਲੜਾਈ ਤੋਂ ਬਾਅਦ ਸਿੱਖ ਰਾਜ ਦਾ ਸੂਰਜ ਸਦਾ ਲਈ ਡੁੱਬ ਗਿਆ। ਅੰਗਰੇਜ਼ਾਂ ਨੇ 12 ਦਸੰਬਰ 1846 ਨੂੰ ਮਹਾਰਾਣੀ ਜਿੰਦਾਂ ਦੀ ਸਰਕਾਰੀ ਕੰਮਾਂ ਕਾਰਾਂ ਵਿੱਚ ਦਖ਼ਲ ਅੰਦਾਜ਼ੀ ਬੰਦ ਕਰ ਦਿੱਤੀ। ਅੰਗਰੇਜ਼ਾਂ ਨੇ ਮਹਾਰਾਣੀ

ਜਿੰਦਾਂ ਨੂੰ ਸੰਮਨ ਬੁਰਜ ਲਾਹੌਰ ਦਰਬਾਰ ਵਿੱਚ ਨਜ਼ਰਬੰਦ ਕਰ ਦਿਤਾ। 29 ਮਾਰਚ 1849 ਨੂੰ ਸਿੱਖ ਰਾਜ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ। 16 ਮਈ 1848 ਨੂੰ ਇੱਕ ਕੈਦੀ ਦੇ ਤੌਰ ਤੇ ਮਹਾਰਾਣੀ ਜਿੰਦਾਂ ਨੂੰ ਪੰਜਾਬ ਤੋਂ ਬਨਾਰਸ ਭੇਜ ਦਿਤਾ। ਫਿਰ ਮਹਾਰਾਣੀ ਨੂੰ ਚਿਨਾਰ ਕਿਲ੍ਹੇ ਵਿੱਚ ਭੇਜਣ ਦਾ ਫੈਸਲਾ ਲੈ ਲਿਆ।

## ਸੰਘਰਸ਼ ਭਰਪੂਰ ਜੀਵਨ:

4 ਅਪ੍ਰੈਲ 1849 ਨੂੰ ਭਾਰੀ ਸੁਰੱਖਿਆ ਹੇਠ ਯੂ.ਪੀ ਦੇ ਚਿਨਾਰ ਕਿਲ੍ਹੇ ਵਿੱਚ ਭੇਜ ਦਿਤਾ। ਉੱਥੇ ਨੌਕਰਾਣੀ ਦੇ ਸਹਿਯੋਗ ਨਾਲ ਮਹਾਰਾਣੀ ਜਿੰਦ ਕੌਰ ਨੌਕਰਾਣੀ ਵਾਲੇ ਕੱਪੜੇ ਪਾ ਕੇ ਤੇ ਚਿਹਰੇ ਤੇ ਕਾਲਖ ਮਲ ਕੇ ਕਿਲ੍ਹੇ ਵਿੱਚੋਂ ਬਾਹਰ ਨਿਕਲ ਗਈ। ਜ਼ਿੰਦਗੀ ਨਾਲ ਸੰਘਰਸ਼ ਕਰਦੀ 29 ਅਪ੍ਰੈਲ 1849 ਨੂੰ ਨੇਪਾਲ ਦੇ ਰਾਜੇ ਜੰਗ ਬਹਾਦਰ ਕੋਲ ਪਹੁੰਚ ਗਈ। ਉਸ ਨੇ ਰਾਜੇ ਕੋਲ ਜਾ ਕੇ ਫਰਿਆਦ ਕੀਤੀ ਕਿ ਮੇਰੇ ਕੱਪੜੇ ਦੇਖ ਕੇ ਮੇਰਾ ਅੰਦਾਜ਼ਾ ਨਾ ਲਗਾਵੀਂ ਤੂੰ ਕਦੇ ਸ਼ੇਰ ਏ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਸੁਣਿਆ ਹੈ ਤਾਂ ਜੰਗ ਬਹਾਦਰ ਨੇ ਹਾਂ ਵਿੱਚ ਸਿਰ ਹਿਲਾ ਦਿਤਾ ਫਿਰ ਜਿੰਦ ਕੌਰ ਨੇ ਕਿਹਾ "ਮੈਂ ਉਸ ਮਹਾਰਾਜੇ ਦੀ ਰਾਣੀ ਹਾਂ ਮੇਰਾ ਅੰਗਰੇਜ਼ਾਂ ਨੇ ਰਾਜ ਭਾਗ ਖੋਹ ਲਿਆ ਹੈ ਮੇਰੇ 9 ਸਾਲਾ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਬੰਦੀ

ਬਣਾ ਕੇ ਮੇਰੇ ਢੋਲੋਂ ਵੱਸ ਕਰ ਲਿਆ ਹੈ"। ਮਹਾਰਾਣੀ ਜਿੰਦ ਕੌਰ ਨੂੰ ਬੰਦੀ ਬਣਾਉਣ ਤੋਂ ਕੁਝ ਸਮੇਂ ਬਾਅਦ ਅੰਗਰੇਜ਼ਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਬੰਦੀ ਬਣਾ ਕੇ ਇੰਗਲੈਂਡ ਭੇਜ ਦਿੱਤਾ। ਉਥੇ ਉਹਨਾਂ ਨੂੰ ਈਸਾਈ ਬਣਾ ਦਿੱਤਾ। ਜਨਵਰੀ 1861 ਵਿੱਚ ਦਲੀਪ ਸਿੰਘ ਇੰਗਲੈਂਡ ਤੋਂ ਕਲਕੱਤੇ ਆ ਗਿਆ। ਉਸਦੀ ਮਾਂ 13 ਸਾਲ ਬਾਅਦ ਪੁੱਤਰ ਨੂੰ ਮਿਲਣ ਵਾਸਤੇ ਕਲੱਕਤੇ ਆ ਗਈ। ਉਸ ਨੇ ਆਪਣੀ ਕਿਸਮਤ ਨੂੰ ਦੋਸ਼ ਦਿੰਦੀ ਹੋਈ ਆਖਦੀ ਹੈ, " ਮੇਰੀ ਏ ਕਿਸਮਤ ਨੂੰ ਇਹ ਕੀ ਕੀਤਾ ! ਮੇਰੇ ਸਿਰ ਦਾ ਤਾਜ ਵੀ ਖੋਹ ਲਿਆ, ਰਾਜ ਭਾਗ ਵੀ ਖੋਹ ਲਿਆ, ਮੇਰਾ ਪੰਜਾਬ ਵੀ ਖੋਹ ਲਿਆ। ਉਸ ਤੋਂ ਬਾਅਦ ਦਲੀਪ ਸਿੰਘ ਨੂੰ ਲੰਡਨ ਵਿੱਚ ਰੱਖਿਆ ਗਿਆ ਤੇ ਮਹਾਰਾਣੀ ਜਿੰਦ ਕੌਰ ਨੂੰ ਕੈਨਸਿੰਗਟਨ ਵਿੱਚ ਰੱਖਿਆ ਗਿਆ।

## ਦੇਹਾਂਤ :

ਮਹਾਰਾਣੀ ਜਿੰਦ ਕੌਰ ਦੀ ਇੱਕ ਅਗਸਤ 1863 ਨੂੰ ਕੈਨਸਿੰਗਟਨ (ਲੰਡਨ) ਵਿਖੇ ਮੌਤ ਹੋ ਗਈ। ਇਸ ਨੂੰ ਕੇਨਸਲ ਗਰੀਨ ਕਬਰਿਸਤਾਨ ਵਿਖੇ ਅਮਾਨਤੀ ਤੌਰ ਤੇ ਰੱਖਿਆ ਗਿਆ। ਦਲੀਪ ਸਿੰਘ ਨੂੰ ਆਪਣ ਮਾਤਾ ਦਾ ਸੀਰ ਭਾਰਤ ਲਿਆਉਣ ਦੀ ਮਨਜ਼ੂਰੀ ਛੇ ਮਹੀਨੇ ਬਾਅਦ ਇਸ ਸ਼ਰਤ ਉੱਤੇ ਮਿਲੀ ਕਿ ਤੂੰ ਇਸ ਦਾ ਸਸਕਾਰ ਪੰਜਾਬ ਵਿੱਚ ਨਹੀਂ ਕਰ ਸਕਦਾ

ਦਲੀਪ ਸਿੰਘ ਆਪਣੀ ਮਾਤਾ ਦੀ ਮਿਤਕ ਦੇਹ
ਲੈ ਕੇ ਬੰਬਈ ਪਹੁੰਚ ਗਿਆ। ਨਾਸਿਕ ਵਿਚ
ਨਰਬਦਾ ਦਰਿਆ ਦੇ ਕੰਢੇ ਤੇ ਉਸ ਦਾ ਸਸਕਾਰ
ਕਰ ਕੇ ਵਾਪਸ ਮੁੜ ਗਿਆ। ਮਹਾਰਾਜਾ
ਦਲੀਪ ਸਿੰਘ ਦੀ ਲੜਕੀ ਸਹਿਜ਼ਾਦੀ ਬੰਬਾ
ਦਾ ਜਨਮ 29 ਸਤੰਬਰ 1869 ਨੂੰ ਲੰਡਨ ਵਿੱਚ
ਹੋਇਆ। ਵਿਆਹ ਤੋਂ ਬਾਅਦ ਉਸਨੇ ਆਪਣੀ
ਜ਼ਿੰਦਗੀ ਸਿੱਖ ਰਾਜ ਦੀ ਰਾਜਧਾਨੀ ਲਾਹੌਰ
ਵਿਖੇ 'ਗੁਲਜ਼ਾਰ' ਨਾਮੀ ਬੰਗਲੇ ਵਿੱਚ ਕਰ ਲਈ।
ਜੋ ਕੰਮ ਉਸਦੇ ਪਿਤਾ ਦਲੀਪ ਸਿੰਘ ਤੋ ਨਾ
ਹੋ ਸਕਿਆ, ਉਹ ਕੰਮ ਉਸਨੇ ਕਰ ਕੇ ਵਿਖਾਇਆ।
ਉਸਨੇ ਆਪਣੀ ਦਾਦੀ ਦੀ ਅੰਤਮ ਇੱਛਾ ਨੂੰ
ਪੂਰਾ ਕਰਦਿਆਂ ਜਿੰਦ ਕੌਰ ਦੀ ਨਾਸਿਕ ਵਿੱਚ
ਬਣੀ ਸਮਾਧ ਨੂੰ ਪੁੱਟ ਕੇ ਉਸ ਵਿੱਚੋਂ ਅਸਥੀਆਂ
ਕੱਢ ਕੇ ਲਾਹੌਰ ਮਹਾਰਾਜਾ ਰਣਜੀਤ ਸਿੰਘ ਦੀ
ਸਮਾਧ ਕੋਲ ਦੱਬ ਦਿੱਤੀਆਂ। ਇਸ ਤਰ੍ਹਾਂ
ਮਹਾਰਾਣੀ ਜਿੰਦਾਂ ਦੀ ਦੁਖਦਾਈ ਜ਼ਿੰਦਗੀ ਦਾ
ਅੰਤ ਹੋਇਆ।